Balaji Education Point
Your Way To Future

# ਸਿੱਖ ਗੁਰੂ ਸਹਿਬਾਨ

## ਸ੍ਰੀ ਗੁਰੂ ਨਾਨਕ ਦੇਵ ਜੀ

- ਜਨਮ – 1469-1539
- ਪਿਤਾ ਅਤੇ ਮਾਤਾ ਜੀ – ਮਹਿਤਾ ਕਾਲੂ ਅਤੇ ਤ੍ਰਿਪਤਾ ਦੇਵੀ ਜੀ।
- ਪਿਤਾ ਜੀ ਦੀ ਕਿੱਤਾ - ਪਟਵਾਰੀ
- ਪਤਨੀ – ਬੀਬੀ ਸੁਲੱਖਣੀ ਜੀ
- ਪੁੱਤਰ – ਬਾਬਾ ਸ੍ਰੀ ਚੰਦ ਅਤੇ ਲਛਮੀ ਦਾਸ਼ ਜੀ।
- ਭੈਣ – ਬੀਬੀ ਨਾਨਕੀ ਜੀ।
- ਜਨਮ-ਸਥਾਨ – ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਹੁਣ ਨਨਕਾਣਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।
- ਸ਼ਹਿਰ ਵਸਾਇਆ – ਕਰਤਾਰਪੁਰ
- ਸਮਕਾਲੀ – ਬਾਬਰ (1526)
- ਸਿੱਖਿਆ – ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣਾ।
- ਸੰਗ੍ਰਹਿ – ਜਪੁਜੀ ਸਾਹਿਬ, ਸਿੱਧ ਗੋਸਟਿ, ਸੋਦਰ, ਆਸੀ ਦੀ ਵਾਰ, ਬਾਰਹ ਮਾਹ, ਓਕਾਰ, ਕੀਰਤਨ ਸੋਹਿਲੇ
- ਜੋਤੀ ਜੋਤ – ਕਰਤਾਰਪੁਰ

## ਸ੍ਰੀ ਗੁਰੂ ਅੰਗਦ ਦੇਵ ਜੀ

- ਜਨਮ – 1504-1552
- ਜਨਮ ਸਥਾਨ – ਮਤੇ ਦੀ ਸਰਾਏ (ਮੁਕਤਸਰ ਸਾਹਿਬ)
- ਪੁਰਾਣਾ ਨਾਮ – ਭਾਈ ਲਹਿਣਾ ਜੀ।
- ਪਿਤਾ ਅਤੇ ਮਾਤਾ ਜੀ – ਫੇਰੂ ਮੱਲ ਜੀ ਅਤੇ ਮਾਤਾ ਦਯਾ ਕੌਰ
- ਪਤਨੀ – ਬੀਬੀ ਖੀਵੀ ਜੀ।
- ਬੱਚੇ – ਭਾਈ ਦਾਸੂ, ਭਾਈ ਦੱਤੂ, ਬੀਬੀ ਅਮਰੋ ਅਤੇ ਬੀਬੀ ਅਨੋਖੀ
- ਸਮਕਾਲੀ – ਹੁੰਮਾਯੂ (ਬਾਬਰ ਦਾ ਪੁੱਤਰ) ਅਤੇ ਸ਼ੇਰ ਸ਼ਾਹ ਸੂਰੀ।
- ਸ਼ਹਿਰ ਵਸਾਇਆ – ਖਡੂਰ ਸਾਹਿਬ (ਤਰਨਤਾਰਨ)
- ਮਲ ਅਖਾੜਾ ਦੀ ਸਥਾਪਨਾ – ਸ਼ਰੀਰਕ ਅਤੇ ਅਧਿਆਤਮਕ ਅਭਿਆਸ ਲਈ।
- ਸੰਗ੍ਰਹਿ – ਜਨਮ ਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ), 62 ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ।
- ਸ਼ੁਰੂਆਤ ਕੀਤੀ – ਗੁਰਮੁਖੀ ਲਿਪੀ।
- ਜੋਤੀ ਜੋਤ – 1552 ਵਿੱਚ ਖਡੂਰ ਸਾਹਿਬ।

## ਸ੍ਰੀ ਗੁਰੂ ਅਮਰਦਾਸ ਜੀ

- ਜਨਮ – 1479

Balaji Education Point

- ਜਨਮ ਸਥਾਨ – ਪਿੰਡ ਬਾਸਰਕੇ (ਅੰਮ੍ਰਿਤਸਰ)
- ਪਿਤਾ ਅਤੇ ਮਾਤਾ ਜੀ – ਤੇਜ ਭਾਨ ਅਤੇ ਮਾਤਾ ਲਛਮੀ ਦੇਵੀ (ਸੁਲਖਣੀ ਦੇਵੀ ਵੀ ਕਹਿੰਦੇ ਹਨ)
- ਪਤਨੀ – ਮਨਸਾ ਦੇਵੀ/ ਬੀਬੀ ਰਾਮੋ ਜੀ।
- ਬੱਚੇ – ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਅਤੇ ਬੀਬੀ ਦਾਨੀ ਜੀ, ਬੀਬੀ ਬਾਨੀ ਜੀ।
- ਸਮਕਾਲੀ – ਅਕਬਰ
- ਸ਼ਹਿਰ ਵਸਾਇਆ – ਗੋਇੰਦਵਾਲ ਸਾਹਿਬ।
- ਸ਼ੁਰੂਆਤ ਕੀਤੀ – ਅਨੰਦ ਕਾਰਜ (ਰਾਗ-ਰਾਮਕਲੀ), ਮੰਜੀ ਪ੍ਰਣਾਲੀ( ਕੁੱਲ 22 ਮੰਜੀਆ), ਸੰਗਤ ਤੋਂ ਪਹਿਲਾ ਪੰਗਤ
- ਜੋਤੀ ਜੋਤ – 1574 ਵਿੱਚ ਗੋਇੰਦਵਾਲ ਸਾਹਿਬ

## ਸ੍ਰੀ ਗੁਰੂ ਰਾਮਦਾਸ ਜੀ

- ਜਨਮ – 1534
- ਜਨਮ ਸਥਾਨ – ਚੂੰਨਾ ਮੰਡੀ (ਲਾਹੌਰ)(ਪਾਕਿਸਤਾਨ)
- ਪਿਤਾ ਅਤੇ ਮਾਤਾ ਜੀ – ਭਾਈ ਹਰੀਦਾਸ ਜੀ ਅਤੇ ਮਾਤਾ ਦਯਾ ਜੀ।
- ਪਤਨੀ – ਬੀਬੀ ਭਾਨੀ ਜੀ (ਗੁਰੂ ਅਮਰਦਾਸ ਜੀ ਦੀ ਪੁੱਤਰੀ)
- ਬੱਚੇ – ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਦੇਵ ਜੀ, ਗੁਰੂ ਅਰਜਨ ਦੇਵ ਜੀ।
- ਸਮਕਾਲੀ – ਅਕਬਰ
- ਸ਼ਹਿਰ ਵਸਾਇਆ – ਅੰਮ੍ਰਿਤਸਰ( ਚੱਕ ਰਾਮਦਾਸ, ਗੁਰੂ ਕਾ ਚੱਕ, ਰਾਮਦਾਸਪੁਰਾ ਵਜੋਂ ਵੀ ਜਾਣਿਆ ਜਾਂਦਾ ਹੈ) ਅਤੇ ਸੰਤੋਖਸਰ ਸਰੋਵਰ ਜੀ ਉਸਾਰੀ ਦੀ ਸ਼ੁਰੂਆਤ ਕੀਤੀ ਗਈ।
- ਸੰਗ੍ਰਹਿ – ਲਾਵਾਂ ( 4 ਲਾਵਾਂ) ਅਤੇ ਘੋੜੀਆਂ
- ਜੋਤੀ ਜੋਤ – 1581 ਵਿੱਚ ਅੰਮ੍ਰਿਤਸਰ।

## ਸ੍ਰੀ ਗੁਰੂ ਅਰਜਨ ਦੇਵ ਜੀ

- ਜਨਮ – 1563
- ਜਨਮ ਸਥਾਨ – ਗੋਇੰਦਵਾਲ ਸਾਹਿਬ (ਅੰਮ੍ਰਿਤਸਰ)
- ਪਿਤਾ ਅਤੇ ਮਾਤਾ ਜੀ – ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ।
- ਪਤਨੀ – ਮਾਤਾ ਗੰਗਾ ਜੀ।
- ਬੱਚੇ – ਗੁਰੂ ਹਰਗੋਬਿੰਦ ਸਾਹਿਬ ਜੀ।
- ਸਮਕਾਲੀ – ਜਹਾਂਗੀਰ
- ਸ਼ਹਿਰ ਵਸਾਇਆ – ਕਰਤਾਰਪੁਰ, ਤਰਨਤਾਰਨ।
- ਸ਼ੁਰੂਆਤ ਕੀਤੀ – ਦਸਵੰਧ ਪ੍ਰਣਾਲੀ।
- ਸੰਗ੍ਰਹਿ – ਆਦਿ ਗ੍ਰੰਥ (ਪੋਥੀ ਸਾਹਿਬ)ਜਿਸਦੇ ਵਿੱਚ ਪੰਜ ਗੁਰੂ ਸਹਿਬਾਨ ਦੀ ਬਾਣੀ, 15 ਭਗਤਾ ਦੀ ਬਾਣੀ, 11 ਭੱਟਾ, 4 ਗੁਰਸਿੱਖ, ਦਰਜ਼ ਹਨ। ਆਦਿ ਗ੍ਰੰਥ ਦੀ ਰਚਨਾ ਭਾਈ ਗੁਰਦਾਸ ਦੁਆਰਾ ਲਿਖਿਆ ਗਿਆ। ਜਿਸਦੇ 1430 ਪੇਜ਼ ਅਤੇ 31 ਰਾਗਾਂ ਵਿੱਚ ਬਾਣੀ ਦਰਜ਼ ਹੈ। 1604 ਵਿਚ, ਸੁਖਮਨੀ ਸਾਹਿਬ।

Balaji Education Point

- ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਹਰਿਮੰਦਰ ਸਾਹਿਬ ਦੀ ਨੀਂਹ ਸੂਫੀ ਸੰਤ ਮੀਆਂ ਮੀਰ ਜੀ ਨੇ ਰੱਖੀ। ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ।
- ਜੋਤੀ ਜੋਤ – 1606 ਵਿੱਚ ਰਾਵੀ ਦੇ ਕੰਢੇ ਲਾਹੌਰ ।

## ਸ੍ਰੀ ਗੁਰੂ ਹਰਗੌਬਿੰਦ ਸਿੰਘ ਜੀ

- ਜਨਮ – 1595
- ਜਨਮ ਸਥਾਨ – ਗੁਰੂ ਦੀ ਵਡਾਲੀ , ਅੰਮ੍ਰਿਤਸਰ।
- ਪਿਤਾ ਅਤੇ ਮਾਤਾ ਜੀ – ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ।
- ਪਤਨੀ – ਮਾਤਾ ਨਾਨਕੀ ਜੀ।
- ਬੱਚੇ – ਬਾਬਾ ਅਟਲ ਰਾਏ ਜੀ, ਬਾਬਾ ਅਨੀ ਰਾਏ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ, ਬਾਬਾ ਗੁਰਦਿੱਤ ਜੀ, ਬਾਬਾ ਸੂਰਜ ਮੱਲ ਜੀ, ਬੀਬੀ ਵੀਰੋ ਜੀ।
- ਸਮਕਾਲੀ – ਸ਼ਾਹਜਹਾਂ।
- ਸ਼ਹਿਰ ਵਸਾਇਆ – ਕੀਰਤਪੁਰ ਸਾਹਿਬ (ਰੋਪੜ)
- ਨਿਰਮਾਣ – ਅਕਾਲ ਤਖਤ ਅਤੇ ਲੋਹਗੜ੍ਹ ਕਿਲ੍ਹਾ (ਅੰਮ੍ਰਿਤਸਰ), ਗੁਰੂ ਕੀ ਵਡਾਲੀ।
- ਗੁਰੂ ਜੀ ਦੇ ਘੌੜੇ – ਗੁਲਬਾਗ ਤੇ ਦਿਲਬਾਗ।
- ਵਿਸ਼ੇਸ਼ ਕਥਨ – ਸਿੱਖ ਇਤਿਹਾਸ ਵਿਚ ਪਹਿਲੇ ਸੰਤ ਸਿਪਾਹੀ।
- ਸ਼ੁਰੂਆਤ ਕੀਤੀ – ਮੀਰੀ ਅਤੇ ਪੀਰੀ ।
- ਜੋਤੀ-ਜੋਤ – 1644 ਕੀਰਤਪੁਰ ਸਾਹਿਬ ( ਰੋਪੜ)

## ਸ੍ਰੀ ਗੁਰੂ ਹਰਿਰਾਏ ਜੀ

- ਜਨਮ – 1630 (ਗੁਰੂ ਹਰਿਗੋਬਿੰਦ ਜੀ ਦੇ ਪੋਤਰੇ)
- ਜਨਮ ਸਥਾਨ – ਕੀਰਤਪੁਰ ਸਾਹਿਬ (ਰੋਪੜ)
- ਪਿਤਾ ਅਤੇ ਮਾਤਾ ਜੀ – ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ
- ਪਤਨੀ – ਮਾਤਾ ਕ੍ਰਿਸ਼ਨਾ ਜੀ।
- ਬੱਚੇ – ਬਾਬਾ ਰਾਮਰਾਏ ਜੀ, ਗੁਰੂ ਹਰਕ੍ਰਿਸ਼ਨ ਜੀ।
- ਸਮਕਾਲੀ – ਔਰੰਗਜ਼ੇਬ
- ਸ਼ੁਰੂਆਤ ਕੀਤੀ – ਆਯੁਰਵੈਦਿਕ ਮੈਡੀਸਨ ਸੈਂਟਰ (ਕੀਰਤਪੁਰ ਸਾਹਿਬ)
- ਜੋਤੀ ਜੋਤ – 1661 ਕੀਰਤਪੁਰ ਸਾਹਿਬ (ਰੋਪੜ)

## ਸ੍ਰੀ ਗੁਰੂ ਹਰਕ੍ਰਿਸ਼ਨ ਜੀ

- ਜਨਮ – 1656 ਕੀਰਤਪੁਰ ਸਾਹਿਬ (ਰੋਪੜ)
- ਇਹਨਾਂ ਨੂੰ ਬਾਲਾ ਪ੍ਰੀਤਮ ਗੁਰੂ ਨਾਮ ਨਾਲ ਵੀ ਜਾਣਿਆ ਜਾਂਦਾ ਹੈ।
- ਪਿਤਾ ਅਤੇ ਮਾਤਾ ਜੀ – ਗੁਰੂ ਹਰਰਾਏ ਸਾਹਿਬ ਜੀ, ਮਾਤਾ ਕ੍ਰਿਸ਼ਨਾ ਜੀ।
- ਸਮਕਾਲੀ – ਔਰੰਗਜ਼ੇਬ
- ਜੋਤੀ ਜੋਤ – 1664 ਦਿੱਲੀ (ਚੇਚਕ ਕਾਰਨ)

## ਗੁਰੂ ਤੇਗ ਬਹਾਦਰ ਜੀ

Balaji Education Point

- ਜਨਮ – 1621 ਅੰਮ੍ਰਿਤਸਰ ਵਿਖੇ।
- ਪੁਰਾਣਾ ਨਾਮ – ਤਿਆਗ ਮੱਲ ਜੀ।
- ਪਿਤਾ ਅਤੇ ਮਾਤਾ ਜੀ – ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ।
- ਪਤਨੀ – ਮਾਤਾ ਗੁਜ਼ਰੀ ਜੀ।
- ਪੁੱਤਰ – ਸ੍ਰੀ ਗੁਰੂ ਗੋਬਿੰਦ ਸਿੰਘ ਜੀ।
- ਸਮਕਾਲੀ – ਔਰੰਗਜ਼ੇਬ
- ਸ਼ਹਿਰ ਵਸਾਇਆ – ਅਨੰਦਪੁਰ ਸਾਹਿਬ (ਚੱਕ ਨਾਨਕੀ), ਮੱਕੋਵਾਲ।
- ਬਾਣੀ ਸੰਗ੍ਰਹਿ – 116 ਸ਼ਲੋਕ 4 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ।
- ਸ਼ਹੀਦੀ – 1675 ਚਾਂਦਨੀ ਚੌਕ (ਦਿੱਲੀ) , ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ 9 ਸਾਲ ਦੇ ਹਨ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

- ਜਨਮ – 22 ਦਸੰਬਰ 1666, ਪਟਨਾ ਸਾਹਿਬ (ਬਿਹਾਰ)
- ਪਿਤਾ ਅਤੇ ਮਾਤਾ ਜੀ – ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਰਜ਼ੀ ਜੀ।
- ਪਤਨੀ – ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ, ਮਾਤਾ ਸਾਹਿਬ ਕੌਰ ਜੀ।
- ਪੁੱਤਰ – ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ।
- ਸਮਕਾਲੀ – ਔਰੰਗਜ਼ੇਬ, ਬਹਾਦਰ ਸ਼ਾਹ -1
- ਸੰਗ੍ਰਹਿ – ਜਾਪ ਸਾਹਿਬ, ਉਸਤਤਿ, ਚੌਪਈ ਸਾਹਿਬ, ਵਾਰ ਸ੍ਰੀ ਭਗਉਤੀ, ਬਚਿੱਤਰ ਨਾਟਕ, ਚੌਬੀਸ ਅਵਤਾਰ
- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ 1699 ਵਿੱਚ ਖਾਲਸਾ ਪੰਥ ਦੀ ਸਥਾਪਨਾ ਕੀਤੀ।
- ਅਨੰਦਪੁਰ ਵਿਖੇ ਅਨੰਦਗੜ੍ਹ ਦਾ ਕਿਲ੍ਹਾ ਬਣਵਾਇਆ।
- ਜਫਰਨਾਮਾ - ਔਰੰਗਜ਼ੇਬ ਨੂੰ ਇੱਕ ਪੱਤਰ ਲਿਖਿਆ।
- ਚੰਡੀ ਦੀ ਵਾਰ – ਪਹਿਲੀ ਵੀਰ ਰਸੀ
- ਜੋਤੀ ਜੋਤ – 1708, ਨਾਂਦੇੜ ਵਿਖੇ।

Balaji Education Point